# ਜਪੁ ਨੀਸਾਣੁ

੫੫੦ ਵਾਂ ਪ੍ਰਕਾਸ਼ ਪੁਰਬ
ਸ੍ਰੀ ਗੁਰੂ ਨਾਨਕ ਦੇਵ ਜੀ

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ

# ਸ੍ਰੀ ਗੁਰੂ ਨਾਨਕ ਦੇਵ ਜੀ
# ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ
# ਸਮਰਪਿਤ

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿਨਾਮੁ ਕਰਤਾਰੁ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ ॥

(ਵਾਰਾਂ ਭਾਈ ਗੁਰਦਾਸ,ਵਾਰ/ਪਉੜੀ-੩/੧੫)

# ਗੁਰਮੁਖੀ ਹਥ-ਲਿਖਤਾਂ ਦੀ ਸੇਵਾ-ਸੰਭਾਲ

ਸਿੱਖ ਧਰਮ ਵਿਚ ਸੇਵਾ ਦੀ ਮਹਾਨਤਾ ਕਿਸੇ ਪ੍ਰਮਾਣ ਦੀ ਮੁਥਾਜ ਨਹੀਂ। ਅਨਿਕ-ਪ੍ਰਕਾਰੀ ਸੇਵਾ ਵਿਚੋਂ ਹਰਿ ਜਸ ਹਥਾਂ ਨਾਲ ਲਿਖਣ ਦੀ ਸੇਵਾ ਨੂੰ ਗੁਰਬਾਣੀ ਵਿਚ ਬਹੁਤ ਸਲਾਹਿਆ ਗਿਆ ਹੈ:

ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੯)

ਗੁਰੂ ਸਾਹਿਬਾਨ ਸਮੇਂ ਅਨੇਕ ਗੁਰਸਿਖਾਂ (ਜਿਵੇਂ ਸੀਹਾਂ ਛੀਬਾ, ਹਸੂ ਲੁਹਾਰ, ਮਨਸੁਖ, ਹਰਬੰਸ ਤਪਾ, ਸੈਦੋ ਘੇਹੋ, ਆਦਿ) ਨੇ ਹਥੀਂ ਬਾਣੀ ਲਿਖ ਕੇ ਗੁਰੂ ਸਾਹਿਬ ਦੀ ਖੁਸ਼ੀ ਪ੍ਰਾਪਤ ਕੀਤੀ। ਅਸਲ ਵਿਚ ਹਥ-ਲਿਖਤ ਵਿਦਿਆ ਉਹ ਕਲਾ ਹੈ, ਜਿਸ ਦੁਆਰਾ ਮਨੁਖ ਆਪਣੇ ਮਨੋਭਾਵ ਤੇ ਗਿਆਨ ਤਜ਼ਰਬੇ ਅਖਰਾਂ ਰਾਹੀਂ ਲਿਖ ਕੇ ਸੰਭਾਲਦਾ ਹੈ। ਹਥ-ਲਿਖਤਾਂ ਨੂੰ ਖਰੜਾ, ਮਸੌਦਾ ਜਾਂ ਪਾਂਡੂ ਲਿਪੀ ਵੀ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਲਈ ਮੈਨੂਸਕਰਿਪਟ (Manuscript) ਸ਼ਬਦ ਵਰਤਿਆ ਜਾਂਦਾ ਹੈ। ਮਸੌਦਾ ਸਾਦ ਧਾਤੂ ਤੋਂ ਬਣਿਆ, ਅਰਬੀ ਭਾਸ਼ਾ ਦਾ ਲਫਜ਼ ਹੈ, ਜਿਸ ਦਾ ਅਰਥ ਹੈ ਕਾਲਾ ਕਰਨਾ। ਪਾਂਡੂ ਲਿਪੀ ਹਲਕੇ ਪੀਲੇ ਪੱਤੇ ਉਤੇ ਲਿਖੀ ਲਿਖਤ ਨੂੰ ਕਹਿੰਦੇ ਹਨ। ਸਮਾਂ ਬਦਲਣ ਤੇ ਇਹੋ ਸ਼ਬਦ ਖਰੜੇ ਦਾ ਰੂਪ ਧਾਰਨ ਕਰ ਗਿਆ। ਮੈਨੂਸਕਰਿਪਟ (Manuscript) ਦਾ ਅਖਰੀ ਅਰਥ ਹਥਾਂ ਦੁਆਰਾ ਲਿਖਿਆ ਹੋਇਆ ਹੈ, ਜਿਸ ਦਾ ਮੂਲ ਲਾਤੀਨੀ ਪਦ ਹੈ। ਹਥੀਂ ਲਿਖੀ ਚੀਜ਼ ਨੂੰ ਮਖਤੂਤਾ ਵੀ ਕਹਿੰਦੇ ਹਨ। ਤਾਮਿਲ ਭਾਸ਼ਾ ਵਿਚ ਹਥ-ਲਿਖਤ ਨੂੰ ਓਲੇ ਜਾਂ ਚੁਵੜੀ ਵੀ ਕਿਹਾ ਜਾਂਦਾ ਹੈ। ਡਾ. ਦੇਵਿੰਦਰ ਸਿੰਘ ਵਿਦਿਆਰਥੀ ਅਨੁਸਾਰ ਕਈ ਵਾਰ ਪੱਥਰ ਛਾਪੇ (Lithography) ਦੀਆਂ ਲਿਖਤਾਂ ਨੂੰ ਵੀ ਹਥ-ਲਿਖਤਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ, ਪਰੰਤੂ ਅਜਿਹਾ ਕਰਨਾ ਠੀਕ ਨਹੀਂ। ਹਥ-ਲਿਖਤ ਤੋਂ ਭਾਵ, ਇਸ ਸੰਗਿਆ ਦੇ ਸਾਧਾਰਣ ਅਰਥਾਂ ਦੇ ਨਾਲ-ਨਾਲ, ਵਿਸ਼ੇਸ਼ ਰੂਪ ਵਿਚ ਉਹ ਹਥ-ਲਿਖਤਾਂ ਲਿਆ ਗਿਆ ਹੈ ਜੋ ਆਮ ਕਰਕੇ ਪੰਜਾਬ ਵਿਚ ਲਿਖੀਆਂ ਗਈਆਂ ਜਾਂ ਜਿਨ੍ਹਾਂ ਦੇ ਵਸਤੂ ਤਤ ਦਾ ਸਬੰਧ ਪੰਜਾਬ ਨਾਲ ਜੁੜਿਆ ਹੈ, ਉਨ੍ਹਾਂ ਦੀ ਭਾਸ਼ਾ ਜਾਂ ਲਿਪੀ ਕੋਈ ਵੀ ਕਿਉਂ ਨਾ ਹੋਵੇ।

ਹਥ-ਲਿਖਤ ਸਾਹਿਤ ਦੇ ਪਿਛੋਕੜ ਦੀ ਗਲ ਕਰੀਏ ਤਾਂ ਛਾਪੇ-ਖਾਨੇ (ਪ੍ਰੈਸ) ਤੋਂ ਪਹਿਲਾਂ ਲਗਪਗ ਸਾਰਾ ਸਾਹਿਤ ਹਥ-ਲਿਖਤਾਂ ਦੇ ਰੂਪ ਵਿਚ ਹੀ ਹੁੰਦਾ ਸੀ। ਕਾਗਜ਼ ਦੀ ਹੋਂਦ ਤੋਂ ਪਹਿਲਾਂ ਲਿਖਤਾਂ, ਭੋਜ-ਪਤਰ (Birch-bark), ਤਾੜ-ਪਤਰ (Palm-leaves), ਕੁਆਰ-ਗੰਦਲ (Aloe tree Bark or Kumbhi-Bark) ਆਦਿ ਰੂਪ ਵਿਚ ਸਾਂਭੀਆਂ ਜਾਂਦੀਆਂ ਸਨ। ਜ਼ਿਕਰਯੋਗ ਹੈ ਕਿ ਸੰਸਾਰ ਦੀਆਂ ਉਨਤਸ਼ੀਲ ਕੌਮਾਂ/ਭਾਸ਼ਾਵਾਂ ਕੋਲ ਹਥ-ਲਿਖਤਾਂ ਦੇ ਅਮੁਲ ਭੰਡਾਰ ਹਨ। ਇਸੇ ਸੰਦਰਭ ਵਿਚ ਸਿੱਖ ਸਾਹਿਤ ਦੀ ਜੇਕਰ ਗਲ ਕਰੀਏ ਤਾਂ ਇਹ ਅਮੁਲਕ ਖਜ਼ਾਨਾ ਹਥ-ਲਿਖਤਾਂ ਦੇ ਰੂਪ ਵਿਚ ਕਈ ਡੇਰਿਆਂ, ਘਰਾਂ, ਅਕਾਦਮਿਕ ਅਦਾਰਿਆਂ ਅਤੇ ਨਿਜੀ ਲਾਇਬ੍ਰੇਰੀਆਂ ਵਿਚ ਅਣਗੌਲਿਆ ਪਿਆ ਹੈ। ਇਨ੍ਹਾਂ ਹਥ-ਲਿਖਤਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀਆਂ ਰਚਨਾਵਾਂ, ਜਨਮਸਾਖੀਆਂ, ਰਹਿਤਨਾਮੇ, ਬੰਸਾਵਲੀਆਂ, ਚਿਠੀਆਂ ਤੇ ਹੁਕਮਨਾਮੇ ਆਦਿ ਲਿਖਤਾਂ ਆਉਂਦੀਆਂ ਹਨ। ਹਥ-ਲਿਖਤਾਂ ਦੇ ਇਸ ਭੰਡਾਰ ਬਾਰੇ ਡਾ. ਦੇਵਿੰਦਰ ਸਿੰਘ ਵਿਦਿਆਰਥੀ ਲਿਖਦੇ ਹਨ, "ਪੰਜਾਬੀ ਲਿਖਤਾਂ ਦਾ ਇਕ ਅਜੇਹਾ ਭੰਡਾਰ ਵੀ ਹੈ ਜਿਸ ਨੂੰ ਪੰਜਾਬੀ ਸਾਹਿਤ ਵਿਚ ਕੋਈ ਥਾਂ ਨਹੀਂ ਮਿਲੀ ਜੇਹਾ ਕਿ ਪੁਰਾਤਨ ਲਿਖਤੀ ਡਾਇਰੀਆਂ, ਰੋਜ਼ਨਾਮਚੇ, ਦੁਕਾਨਦਾਰਾਂ ਦੇ ਲੇਖੇ-ਪੱਤੇ ਅਤੇ ਘਰੇਲੂ ਹਿਸਾਬ-ਕਿਤਾਬ ਦੀਆਂ ਬਹੀਆਂ-ਚੁਪੱਤੀਆਂ, ਸਾਂਸੀਆਂ, ਭੱਟਾਂ-ਡੂਮਾਂ-ਭਿਰਾਈਆਂ ਦੀਆਂ ਨਿੰਦਾ-ਉਸਤਤੀਆਂ, ਕੁਰਸੀਨਾਮੇ, ਵਾਰਾਂ-ਝੇੜਿਆਂ ਦੀਆਂ ਪੌੜੀਆਂ, ਬਾਤਾਂ, ਘਰੋਗੀ ਤੇ ਕਾਰੋਬਾਰੀ ਲੈਣ-ਦੇਣ ਦੀਆਂ ਲਿਖਤਾਂ, ਵਿਆਹ ਸਮੇਂ ਦੀਆਂ ਰਸਮਾਂ/ਰੀਤਾਂ ਦੇ ਲੇਖੇ, ਜਾਇਦਾਦਾਂ ਦੇ ਪਟੇ, ਸਾਧਾਂ-ਸੰਤਾਂ ਦੀਆਂ ਗੋਸ਼ਟੀਆਂ ਤੇ ਪਰਚੀਆਂ, ਪਿੰਡਾਂ ਜਾਂ ਪੱਤੀਆਂ, ਠੁਲਿਆਂ, ਭਾਈਚਾਰਿਆਂ ਦੀਆਂ ਪੰਚਾਇਤਾਂ, ਇਕੱਠਾਂ ਦੇ ਵੇਰਵੇ, ਫੁਟਕਲ ਯਾਦਦਾਸ਼ਤਾਂ... ਉਹਨਾਂ ਵਿਚ ਖੋਜੀਆਂ ਲਈ ਦੁਰਲਭ ਤਥਾਂ ਤੇ ਤਤਾਂ ਦਾ ਖਜ਼ਾਨਾ ਲੁਕਿਆ ਪਿਆ ਹੈ ਅਤੇ ਅਨੇਕਾਂ ਘਟਨਾਵਾਂ ਦੀਆਂ ਵਿਸ਼ਵਾਸ-ਜੋਗ ਤਿਥਾਂ-ਤਾਰੀਖਾਂ ਦਰਜ ਹਨ। ਅਨੇਕਾਂ ਹੋਈਆਂ-ਅਨਹੋਈਆਂ ਦੇ ਕਿੱਸੇ ਸਾਂਭੇ ਹੋਏ ਹਨ ਅਤੇ ਅਨੇਕਾਂ ਕਵੀਆਂ/ਲੇਖਕਾਂ ਦੇ ਜਨਮ ਸਥਾਨਾਂ ਤੇ ਜੰਮਣ-ਮਰਨ ਦੇ ਵੇਰਵੇ ਅੰਕਤ ਹਨ"।

ਹਥ-ਲਿਖਤ ਖਜਾਨੇ ਦੀ ਹੋਈ ਸੰਭਾਲ ਬਾਰੇ ਪੜਚੋਲ ਕਰਦਿਆਂ ਇਹ ਤਥ ਸਾਹਮਣੇ ਆਉਂਦਾ ਹੈ ਕਿ ਪੰਜਾਬ ਦੇ ਲੋਕ ਮਿਹਨਤੀ ਹੋਣ ਕਾਰਨ ਮੁਢ ਤੋਂ ਹੀ ਬਹੁਤ ਅਮੀਰ ਸਨ, ਜਿਸ ਕਾਰਨ ਪੰਜਾਬ ਨੂੰ ਸੋਨੇ ਦੀ ਚਿੜੀ ਵਜੋਂ ਯਾਦ ਕੀਤਾ ਜਾਂਦਾ ਸੀ। ਇਸ ਕਾਰਨ ਸਿਕੰਦਰ, ਤੈਮੂਰ, ਮੁਹੰਮਦ ਗਜ਼ਨਵੀ ਅਤੇ ਬਾਬਰ ਆਦਿ, ਕਈ ਧਾੜਵੀਆਂ ਨੇ ਪੰਜਾਬੀਆਂ ਨੂੰ ਬਹੁਤ ਲੁਟਿਆ। ਪੰਜਾਬ ਦੀ ਧਰਤੀ ਉਤੇ ਹੋਏ ਹਮਲਿਆਂ ਦਾ ਲੇਖਾ-ਜੋਖਾ ਕਰਨਾ ਸੰਭਵ ਨਹੀਂ। ਅਜਿਹੇ ਹਾਲਾਤ ਵਿਚ ਜਦੋਂ ਪੰਜਾਬੀਆਂ/ਸਿੱਖਾਂ ਨੂੰ ਆਪਣੀ ਜਾਨ-ਮਾਲ ਦਾ ਖਤਰਾ ਬਣਿਆ ਹੋਇਆ ਸੀ, ਹਥ-ਲਿਖਤਾਂ ਦੀ ਸੰਭਾਲ ਕਰਨਾ ਸੌਖਾ ਕਾਰਜ ਨਹੀਂ ਸੀ। ਡਾ. ਦੇਵਿੰਦਰ ਸਿੰਘ ਵਿਦਿਆਰਥੀ ਅਨੁਸਾਰ ਲਖਪਤ ਰਾਏ ਦੇ ਹੁਕਮਾਂ ਨਾਲ ਲਾਹੌਰ ਸੂਬੇ ਦੇ ਸਾਰੇ ਘਰਾਂ ਵਿਚੋਂ ਤਲਾਸ਼ੀਆਂ ਕਰ-ਕਰ ਕੇ ਪੋਥੀਆਂ ਤੇ ਗ੍ਰੰਥ ਸਾੜੇ ਜਾਂ ਡੋਬੇ ਗਏ। ਇਤਿਹਾਸ ਗਵਾਹ ਹੈ ਕਿ ਨਾਦਰਸ਼ਾਹ, ਅਬਦਾਲੀ ਆਦਿ ਵਿਦੇਸ਼ੀਆਂ ਦੇ ਹਮਲਿਆਂ ਨੇ ਹਥ-ਲਿਖਤ ਖਜ਼ਾਨਿਆਂ ਦਾ ਐਨਾ ਨੁਕਸਾਨ ਕੀਤਾ ਕਿ ਉਸ ਦੀ ਭਰਪਾਈ ਹੋ ਹੀ ਨਹੀਂ ਸਕਦੀ। ਅਨੰਦਪੁਰ ਸਾਹਿਬ ਦਾ ਕਿਲਾ ਛਡਣ ਲਗਿਆਂ ਦਸ਼ਮੇਸ਼ ਪਿਤਾ ਦੇ ਦਰਬਾਰ ਦਾ ਬੇ-ਹਿਸਾਬ ਹਥ-ਲਿਖਤ ਖਜ਼ਾਨਾ ਸਰਸਾ ਦੀ ਭੇਟ ਚੜ੍ਹਿਆ। ੪੭ (ਦੇਸ਼ ਦੀ ਵੰਡ) ਵੇਲੇ ਚਲੀ ਫਿਰਕੂ ਹਨੇਰੀ ਨੇ ਕਿੰਨਾ ਸਾਹਿਤ ਨਸ਼ਟ ਕੀਤਾ?, ਇਸ ਦਾ ਕੋਈ ਹਿਸਾਬ-ਕਿਤਾਬ ਨਹੀਂ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਉਨ੍ਹਾਂ ਕੋਲ ਹਥ-ਲਿਖਤਾਂ ਦੇ ਕੁਝ ਭੰਡਾਰ ਸਨ, ਜਿਹੜੇ ੪੭ ਵੇਲੇ ਨਸ਼ਟ ਹੋ ਗਏ। ਡਾ. ਹਿੰਮਤ ਸਿੰਘ ਨੇ

ਅਕਾਲੀ ਕੌਰ ਸਿੰਘ ਜੀ ਦੇ ੨੦੦ ਤੋਂ ਵਧ ਦੁਰਲਭ ਹਥ-ਲਿਖਤ ਖਰੜਿਆਂ ਦੇ ਨਸ਼ਟ ਹੋਣ ਦੀ ਦਰਦ ਭਰੀ ਦਾਸਤਾਨ ਦਾ ਜ਼ਿਕਰ ਕੀਤਾ ਹੈ। ਸ. ਗੁਰਮੁਖ ਸਿੰਘ ਗੁਰਮੁਖ ਨੇ ੪੦ ਸਾਲਾਂ ਦੀ ਮਿਹਨਤ ਨਾਲ ਇਕਠੀਆਂ ਕੀਤੀਆਂ ਪੁਰਾਣੀਆਂ ਪੰਜਾਬੀ ਕਿਤਾਬਾਂ, ਦੁਰਲਭ ਖਰੜੇ ਤੇ ਹੋਰ ਅਖ਼ਬਾਰਾਂ ਨਾਲ ੪੭ ਵੇਲੇ ਕੀ ਬਣਿਆ?, ਦਾ ਹਾਲ, ਮੁਹੰਮਦ ਲਤੀਫ ਦੀ ਪੁਸਤਕ History of Punjab ਦੇ ਪੰਜਾਬੀ ਅਨੁਵਾਦ ਪੰਜਾਬ ਦਾ ਇਤਿਹਾਸ ਦੀ ਭੂਮਿਕਾ ਵਿਚੋਂ ਪੜ੍ਹਿਆ ਜਾ ਸਕਦਾ ਹੈ। ਇਸੇ ਤਰ੍ਹਾਂ ਬਾਬਾ ਸੁਮੇਰ ਸਿੰਘ ਪਟਨੇ ਵਾਲਿਆਂ ਦੀ ਲਾਇਬ੍ਰੇਰੀ, ਕਰਤਾਰ ਸਿੰਘ ਕਲਾਸਵਾਲੀਆ ਦੀ ਲਾਇਬ੍ਰੇਰੀ ਦੇ ਦੁਰਲਭ ਖਰੜਿਆਂ ਨਾਲ ਹੋਏ ਬੁਰੇ ਹਾਲਾਂ ਤੋਂ ਲਗਪਗ ਹਰੇਕ ਸੁਹਿਰਦ ਵਿਦਵਾਨ ਵਾਕਿਫ ਹੈ। ਪੰਜਾਬ ਦੀਆਂ ਅਨਪੜ੍ਹ ਮਾਈਆਂ ਦੁਆਰਾ ਘਰਾਂ ਵਿਚ ਪਏ ਬਜ਼ੁਰਗਾਂ ਦੇ ਕੀਮਤੀ ਗ੍ਰੰਥਾਂ ਨੂੰ ਪਾਣੀ ਵਿਚ ਭਿਉਂ-ਭਿਉਂ ਬੋਹੀਏ ਬਨਾਉਣ ਦੇ ਅਨੇਕ ਕਿਸਿਆਂ ਦਾ ਜ਼ਿਕਰ ਸ. ਸ਼ਮਸ਼ੇਰ ਸਿੰਘ ਅਸ਼ੋਕ, ਡਾ. ਗੰਡਾ ਸਿੰਘ, ਪ੍ਰੋ. ਪ੍ਰੀਤਮ ਸਿੰਘ ਆਦਿ ਵਿਦਵਾਨਾਂ ਨੇ ਅਨੇਕ ਥਾਵਾਂ 'ਤੇ ਕੀਤਾ ਹੈ। ਸਾਕਾ ਨੀਲਾ ਤਾਰਾ (੧੯੮੪) ਵੇਲੇ ਸਿੱਖ ਰੈਫਰੈਂਸ ਲਾਇਬ੍ਰੇਰੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਤਬਾਹੀ ਸਿੱਖ ਕੌਮ ਦੇ ਡੂੰਘੇ ਦਰਦਾਂ ਦੀ ਸਭ ਤੋਂ ਗੰਭੀਰ ਦਾਸਤਾਨ ਹੈ। ਇਨ੍ਹਾਂ ਵਰਤਾਰਿਆਂ ਤੋਂ ਬਿਨਾਂ ਕਿੰਨਾ ਹੀ ਅਨਮੋਲ ਹਥ-ਲਿਖਤ ਸਾਹਿਤ ਮੀਹਾਂ, ਹਨ੍ਹੇਰੀਆਂ, ਸਿਉਂਕ, ਰੱਦੀ ਆਦਿ ਤੇ ਸਾਂਭਣ ਦੇ ਸਾਧਨਾਂ ਅਤੇ ਸੋਝੀ ਦੀ ਅਣਹੋਂਦ ਸਦਕਾ ਨਸ਼ਟ ਹੋਇਆ, ਇਸ ਦਾ ਕੋਈ ਲੇਖਾ-ਜੋਖਾ ਨਹੀਂ।

ਸਾਡੇ ਹਥੋਂ ਖੁੰਝਿਆ ਹਥ-ਲਿਖਤ ਖਜ਼ਾਨਾ ਭਾਵੇਂ ਮੁੜ ਤਾਂ ਨਹੀਂ ਸਕਦਾ, ਪਰੰਤੂ ਫਿਰ ਵੀ ਸਾਡੇ ਕੋਲ ਮੌਜੂਦ ਹਥ-ਲਿਖਤਾਂ ਦੀ ਸੇਵਾ-ਸੰਭਾਲ ਕਰਕੇ ਅਗੋਂ ਲਈ ਸੁਚੇਤ ਹੋਣਾ ਲਾਜ਼ਮੀ ਹੈ। ਇਸ ਦੇ ਮਦੇ-ਨਜ਼ਰ, ਇਸ ਖੇਤਰ ਵਿਚ ਸਭ ਤੋਂ ਮੁਢਲਾ ਕਦਮ ਖਰੜਿਆਂ ਦੀ ਭਾਲ ਕਰਕੇ ਇਨ੍ਹਾਂ ਦੀ ਕਿਸੇ ਇਕ ਕੇਂਦਰੀ ਥਾਂ ਉਤੇ ਸੰਭਾਲ ਕਰਨਾ ਹੈ। ਦੂਜੇ ਪਧਰ 'ਤੇ ਹਥ-ਲਿਖਤਾਂ ਦੀ ਸਦੀਵੀ ਸੰਭਾਲ ਲਈ ਕੁਝ ਜਤਨ ਹੋਣੇ ਲੋੜੀਂਦੇ ਹਨ, ਜਿਵੇਂ: ਫੋਟੋਕਾਪੀ; ਨਿਜੀ ਮਲਕੀਅਤ ਅਧੀਨ ਪਏ ਹਥ-ਲਿਖਤ ਖਰੜਿਆਂ ਨੂੰ ਲੈ ਕੇ ਕਿਸੇ ਕੇਂਦਰੀ ਸਥਾਨ ਉਤੇ ਸੁਰਖਿਅਤ ਰਖਿਆ ਜਾ ਸਕਦਾ ਹੈ।

ਹਥ-ਲਿਖਤਾਂ ਨੂੰ ਸਾਂਭਣ ਦੇ ਕਈ ਤਰੀਕੇ ਈਜ਼ਾਦ ਹੋਏ ਹਨ, ਜਿਵੇਂ ਦਵਾਈ ਪਾਉਣੀ। ਦਵਾਈ ਨਾਲ ਹਥ-ਲਿਖਤਾਂ ਨੂੰ ਲੰਮੇ ਅਰਸੇ ਤਕ ਬਚਾਇਆ ਜਾ ਸਕਦਾ ਹੈ। ਰਸਾਇਣਿਕ ਲੇਪ ਕਰਨਾ ਤਾਂ ਜੋ ਉਹ ਅਗ-ਪਾਣੀ ਆਦਿ ਤੋਂ ਬਚੀਆਂ ਰਹਿਣ, ਵਧੀਆ ਮੋਮਜਾਮਿਆਂ ਵਿਚ ਸਾਂਭਣਾ, ਵਾਤਾਨਕੂਲ ਕਮਰਿਆਂ ਵਿਚ ਰਖਣਾ, ਜਿਲਦਬੰਦੀ ਆਦਿ। ਇਹ ਸਾਰੇ ਤਰੀਕੇ ਆਪਣੇ ਆਪ ਵਿਚ ਬੜੇ ਉਤਮ ਤੇ ਜ਼ਰੂਰੀ ਹਨ, ਪਰ ਇਨ੍ਹਾਂ ਸਭ ਤਰੀਕਿਆਂ ਦੀ ਆਪਣੀ ਤਰ੍ਹਾਂ ਦੀ ਇਕ ਸੀਮਾ ਹੈ। ਇਨ੍ਹਾਂ ਦੀ ਇਕ ਸਾਂਝੀ ਸਮਸਿਆ ਹਥ-ਲਿਖਤਾਂ ਤਕ ਪਹੁੰਚ ਅਤੇ ਅਧਿਐਨ ਦੀ ਹੈ। ਇਸ ਸਮਸਿਆ ਦਾ ਹਲ ਕੇਵਲ ਤੇ ਕੇਵਲ ਇਕੋ ਢੰਗ ਹੈ ਕਿ ਹਥ-ਲਿਖਤ ਸਾਹਿਤ ਦਾ ਕੰਪਿਊਟਰੀਕਰਨ, ਭਾਵ ਇਸ ਦੀ ਡੀਜ਼ੀਟਾਈਜ਼ੇਸ਼ਨ (Digitization) ਕੀਤੀ ਜਾਵੇ। ਇਸ ਤਰੀਕੇ ਨਾਲ ਜਿਥੇ ਹਥ-ਲਿਖਤ ਸਾਹਿਤ ਸਦੀਵ ਕਾਲ ਲਈ ਸਾਂਭਿਆ ਜਾ ਸਕਦਾ ਹੈ, ਉਥੇ ਇਸ ਦਾ ਅਧਿਐਨ ਵੀ ਅਤਿ-ਸੁਖਾਲਾ ਹੋ ਜਾਵੇਗਾ।

ਸਾਡੇ ਕੋਲ ਹਾਲੇ ਆਪਣੇ ਵਿਰਸੇ ਨੂੰ ਸਥਾਈ ਰੂਪ ਵਿਚ ਸਾਂਭਣ ਦੇ ਨਾ ਤਾਂ ਢੰਗ ਪ੍ਰਚਲਤ ਹੋਏ ਹਨ ਅਤੇ ਨਾ ਹੀ ਇਸ ਸਬੰਧੀ ਕੋਈ ਸਾਰਥਿਕ ਜਤਨ। ਬੇਸ਼ਕ ਪਿਛਲੇ ਕੁਝ-ਕੁ ਸਾਲਾਂ ਦੌਰਾਨ ਇਸ ਪ੍ਰਥਾਇ ਕੁਝ-ਕੁ ਜਾਗਰੁਕਤਾ ਆਈ ਹੈ, ਪਰੰਤੂ ਫਿਰ ਵੀ ਸਿੱਖ ਪੰਥ ਦੀਆਂ ਵਡੀਆਂ ਅਤੇ ਪ੍ਰਤੀਨਿਧ ਸੰਸਥਾਵਾਂ ਨੇ ਇਸ ਅਮੁਲ ਭੰਡਾਰ ਨੂੰ ਸਾਂਭਣ ਦਾ ਕੋਈ ਪੁਖਤਾ ਜਾਂ ਸੰਸਥਾਈ ਉਪਰਾਲਾ ਨਹੀਂ ਕੀਤਾ। ਦੂਜੇ ਪਾਸੇ ਹਾਲਾਤ ਇਹ ਹੈ ਕਿ ਜਿਵੇਂ-ਜਿਵੇਂ ਇਸ ਮਹਤਵਪੂਰਨ ਕਾਰਜ ਵਿਚ ਦੇਰੀ ਹੋ ਰਹੀ ਹੈ, ਤਿਵੇਂ-ਤਿਵੇਂ ਇਹ ਅਮੁਲਕ ਰਤਨ ਨਸ਼ਟ ਹੋ ਰਹੇ ਹਨ। ਇਸ ਨੂੰ ਜੇਕਰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਫਿਰ ਸ਼ਾਇਦ ਇਕ ਵਾਰ ਫਿਰ ਇਹ ਸ਼ਬਦ ਸਚ ਪ੍ਰਤੀਤ ਹੋਣਗੇ- ਲਮਹੋਂ ਨੇ ਖਤਾ ਕੀ, ਸਦੀਓਂ ਨੇ ਸਜ਼ਾ ਪਾਈ। ਸਿਤਮ ਦੀ ਗਲ ਤਾਂ ਇਹ ਹੈ ਕਿ ਅਸੀਂ ਅਜੋਕੇ ਸਮੇਂ ਵਿਚ ਕੁਦਰਤੀ ਸੋਮਿਆਂ ਦੇ ਖਤਮ ਹੋਣ ਦੀ ਚਿੰਤਾ ਤਾਂ ਪ੍ਰਗਟ ਕਰ ਰਹੇ ਹਾਂ, ਪਰੰਤੂ ਆਪਣੇ ਵਿਰਸੇ ਤੋਂ ਅਵੇਸਲੇ ਹੋਈ ਬੈਠੇ ਹਾਂ। ਜੇਕਰ ਹੁਣ ਵੀ ਅਸੀਂ ਗਾਫਲਤਾਈ ਦੀ ਨੀਂਦ ਤੋਂ ਜਾਗ ਕੇ ਇਸ ਦਿਸ਼ਾ ਵਿਚ ਆਪਣੀ ਰੁਚੀ ਦਿਖਾਈਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਉਤੇ ਮਾਣ ਮਹਿਸੂਸ ਕਰਨਗੀਆਂ।

ਸਿੱਖ ਪੰਥ ਸ੍ਰੀ ਗੁਰੂ ਨਾਨਕ ਦੇਵ ਜੀ ਦਾ ੫੫੦ ਸਾਲਾ ਸ਼ਤਾਬਦੀ ਵਰ੍ਹਾ ਮਨਾ ਰਿਹਾ ਹੈ। ਅਜਿਹੇ ਸੋਭਨੀਕ ਸਮੇਂ 'ਤੇ ਸੰਗਤਾਂ ਦੇ ਦਰਸ਼ਨਾਂ ਲਈ ਸ੍ਰੀ ਜਪੁ ਜੀ ਸਾਹਿਬ ਦੀ ਹਥ-ਲਿਖਤ ਪੇਸ਼ ਕੀਤੀ ਜਾ ਰਹੀ ਹੈ, ਜਿਸ ਦਾ ਸਿਰਲੇਖ ਜਪੁ ਨੀਸਾਣੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਵਿਚੋਂ ਲਿਆ ਗਿਆ ਹੈ। ਜੇਕਰ ਸ਼ਤਾਬਦੀ ਮਨਾਉਂਦੇ ਹੋਏ ਹੋ ਰਹੇ ਅਨੇਕ ਜਤਨਾਂ ਵਿਚੋਂ ਇਕ ਜਤਨ ਹਥ-ਲਿਖਤਾਂ ਦੀ ਸੇਵਾ-ਸੰਭਾਲ ਦਾ ਵੀ ਹੋ ਜਾਵੇ ਤਾਂ ਇਹ ਸ਼ਤਾਬਦੀ ਮਨਾਈ ਇਕ ਯਾਦਗਾਰ ਸਿਧ ਹੋ ਸਕਦੀ ਹੈ। ਅੰਤ ਵਿਚ ਇਹ ਖਰੜਾ ਮੁਹੱਈਆ ਕਰਵਾਉਣ ਲਈ ਗੁਰਪੁਰ ਵਾਸੀ ਡਾ. ਗੁਰਚਰਨ ਸਿੰਘ ਜੀ ਦਾ ਦਿਲੋਂ ਧੰਨਵਾਦ।

ਮਿਤੀ: **੨੧ ਕੱਤਕ, ਨਾਨਕਸ਼ਾਹੀ ਸੰਮਤ ੫੫੦**

ਤੇਜਿੰਦਰ ਪਾਲ ਸਿੰਘ (ਡਾ.)
ਅਸਿਸਟੈਂਟ ਪ੍ਰੋਫੈਸਰ (ਧਰਮ ਅਧਿਐਨ)
ਯੂਨੀਵਰਸਿਟੀ ਕਾਲਜ ਮੀਰਾਂਪੁਰ (ਪਟਿਆਲਾ)।
ਮੋਬਾ. ੯੯੮੮੦-੦੪੧੩੩


ੴ ਸਤਿਨਾਮੁ ਕ
ਰਤਾਪੁਰਖੁਨਿਰਭਉਨਿਰਵੈਰੁਅਕਾਲਮੂਰਤਿਅਜੂਨੀਸੈਭੰਗੁ
ਰਪ੍ਰਸਾਦਿ॥ ॥ਜਪੁ॥ ॥ਆਦਿਸਚੁਜੁਗਾਦਿਸ
ਚੁ॥ਹੈਭੀਸਚੁ॥ਨਾਨਕਹੋਸੀਭੀਸਚੁ
॥੧॥ਸੋਚੈ


ਸੋਚਿਨਹੋਵ
ਈਜੇਸੋਚੀਲਖਵਾਰ॥ਚੁਪੈ
ਚੁਪਨਹੋਵਈਜੇਲਾਇਰਹਾਲਿਵਤਾਰ॥
ਭੁਖਿਆਭੁਖਨਉਤਰੀਜੇਬੰਨਾਪੁਰੀਆਭਾਰ॥ਸ
ਹਸਸਿਆਣਪਾਲਖਹੋਹਿਤਇਕਨਚਲੈਨਾਲਿ॥ਕਿਵ
ਸਚਿਆਰਾਹੋਈਐਕਿਵਕੂੜੈਤੁਟੈਪਾਲਿ॥ਹੁ
ਕਮਿਰਜਾਈਚਲਣਾਨਾਨਕਲਿਖਿਆਨਾਲਿ॥

੧ ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵ
ਡਿਆਈ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥ ਇਕਨਾ ਹੁਕਮੀ ਬਖਸੀਸ
ਇਕਿ ਹੁਕਮੀ ਸਦਾ ਭਵਾਈਅਹਿ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ ਨਾਨਕ ਹੁ
ਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥ ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ ਗਾਵੈ ਕੋ ਦਾਤਿ ਜਾ
ਣੈ ਨੀਸਾਣੁ॥ ਗਾਵੈ ਕੋ ਗੁਣ ਵਡਿਆਈਆ ਚਾਰੁ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥ ਗਾਵੈ
ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥ ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇ
ਖੈ ਹਾਦਰਾ ਹਦੂਰਿ॥ ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥ ਦੇਦਾ ਦੇ
ਲੈ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥ ਹੁਕਮੀ ਹੁਕਮੁ ਚਲਾਏ ਰਾਹੁ॥
ਨਾਨਕ ਵਿਗਸੈ ਵੇਪਰਵਾਹੁ॥੩॥ ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ ਆਖ
ਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆ
ਈ ਵੀਚਾਰੁ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ ਨਾਨਕ ਏਵੈ ਜਾਣੀਐ ਸਭੁ ਆ
ਪੇ ਸਚਿਆਰੁ॥੪॥ ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ ਜਿਨਿ ਸੇਵਿ

ਆਤਿਨਿਪਾਇਆਮਾਨੁਨਾਨਕਗਾਵੀਐਗੁਣੀਨਿਧਾਨੁਗਾਵੀਐਸੁਣੀਐਮਨਿਰਖੀ
ਐਭਾਉਦੁਖੁਪਰਹਰਿਸੁਖੁਘਰਿਲੈਜਾਇਗੁਰਮੁਖਿਨਾਦੰਗੁਰਮੁਖਿਵੇਦੰਗੁਰਮੁ
ਖਿਰਹਿਆਸਮਾਈਗੁਰੁਈਸਰੁਗੁਰੁਗੋਰਖੁਬਰਮਾਗੁਰੁਪਾਰਬਤੀਮਾਈ॥ਜੇਹਉਜਾ
ਣਾਆਖਾਨਾਹੀਕਹਣਾਕਥਨੁਨਜਾਈ॥ਗੁਰਾਇਕਦੇਹਿਬੁਝਾਈ॥ਸਭਨਾਜੀਆ
ਕਾਇਕੋਦਾਤਾਸੋਮੈਵਿਸਰਿਨਜਾਈ॥੫॥ਤੀਰਥਿਨਾਵਾਜੇਤਿਸੁਭਾਵਾਵਿਣੁਭਾਣੇਕਿਨਾਇ
ਕਰੀ॥ਜੇਤੀਸਿਰਠਿਉਪਾਈਵੇਖਾਵਿਣੁਕਰਮਾਕਿਮਿਲੈਲਈ॥ਮਤਿਵਿਚਿ
ਰਤਨਜਵਾਹਰਮਾਣਿਕਜੇਇਕਗੁਰਕੀਸਿਖਸੁਣੀ॥ਗੁਰਾਇਕਦੇਹਿਬੁਝਾਈ॥ਸਭਨਾ
ਜੀਆਕਾਇਕੁਦਾਤਾਸੋਮੈਵਿਸਰਿਨਜਾਈ॥੬॥ਜੇਜੁਗਚਾਰੇਆਰਜਾਹੋਰਦਸੂਣੀਹੋਇ॥
ਨਵਾਖੰਡਾਵਿਚਿਜਾਣੀਐਨਾਲਿਚਲੈਸਭੁਕੋਇ॥ਚੰਗਾਨਾਉਰਖਾਇਕੈਜਸੁ
ਕੀਰਤਿਜਗਿਲੇਇ॥ਜੇਤਿਸੁਨਦਰਿਨਆਵਈਤਵਾਤਨਪੁਛੈਕੇ॥ਕੀਟਾਅੰਦ
ਰਿਕੀਟੁਕਰਿਦੋਸੀਦੋਸੁਧਰੇ॥ਨਾਨਕਨਿਰਗੁਣਿਗੁਣੁਕਰੇਗੁਣਵੰਤਿਆਗੁਣੁ
ਦੇ॥ਤੇਹਾਕੋਇਨਸੁਝਈਜਿਤਿਸੁਗੁਣੁਕੋਇਕਰੇ॥੭॥ਸੁਣਿਐਸਿਧਪੀਰ
ਸੁਰਿਨਾਥ॥ਸੁਣਿਐਧਰਤਿਧਵਲਆਕਾਸ॥ਸੁਣਿਐਦੀਪਲੋਅਪਾਤਾਲ॥ਸੁਣਿਐ
ਪੋਹਿਨਸਕੈਕਾਲੁ॥ਨਾਨਕਭਗਤਾਸਦਾਵਿਗਾਸੁ॥ਸੁਣਿਐਦੂਖਪਾਪਕਾਨਾਸੁ॥੮॥ਸੁ
ਣਿਐਈਸਰੁਬਰਮਾਇੰਦੁ॥ਸੁਣਿਐਮੁਖਿਸਾਲਾਹਣਮੰਦੁ॥ਸੁਣਿਐਜੋਗਜੁਗਤਿਤਨਿ

ਨਭੇਦਾ ॥ ਸੁਣਿਐ ਸਾਸਤ੍ਰ ਸਿਮ੍ਰਿਤਿ ਵੇਦ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿ
ਐ ਦੂਖ ਪਾਪ ਕਾ ਨਾਸੁ ॥੯॥ ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸ
ਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥ ਨਾਨਕ ਭ
ਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥ ਸੁਣਿਐ ਸਰਾ ਗੁਣਾ ਕੇ ਗਾ
ਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ
ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾ
ਸੁ ॥੧੧॥ ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕ
ਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ
ਮੰਨਿ ਜਾਣੈ ਮਨਿ ਕੋਇ ॥੧੨॥ ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁ
ਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥ ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰ
ਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰ ਜਨੁ
ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥ ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ
ਸਾਧਾਰੁ ॥ ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰ
ਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥ ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ

ਪਾਵਹਿਦਰਗਹਿਮਾਨੁਪੰਚੇਸੋਹਹਿਦਰਿਰਾਜਾਨੁਪੰਚਾਕਾਗੁਰੁਏਕੁਧਿਆਨੁਜੇ
ਕੋਕਹੈਕਰੈਵੀਚਾਰੁਕਰਤੇਕੈਕਰਣੈਨਾਹੀਸੁਮਾਰੁਧੌਲੁਧਰਮੁਦਇਆਕਾਪੂ
ਤੁਸੰਤੋਖੁਥਾਪਿਰਖਿਆਜਿਨਿਸੂਤਿਜੇਕੋਬੁਝੈਹੋਵੈਸਚਿਆਰੁਧਵਲੈਉਪਰਿਕੇਤਾ
ਭਾਰੁਧਰਤੀਹੋਰੁਪਰੈਹੋਰੁਹੋਰੁਤਿਸਤੇਭਾਰੁਤਲੈਕਵਣੁਜੋਰੁਜੀਅਜਾਤਿਰੰਗਾਕੇਨਾਵ
ਸਭਨਾਲਿਖਿਆਵੁੜੀਕਲਾਮਏਹੁਲੇਖਾਲਿਖਿਜਾਣੈਕੋਇਲੇਖਾਲਿਖਿਆਕੇਤਾਹੋ
ਇਕੇਤਾਤਾਣੁਸੁਆਲਿਹੁਰੂਪੁਕੇਤੀਦਾਤਿਜਾਣੈਕੌਣੁਕੂਤੁਕੀਤਾਪਸਾਉਏਕੋਕਵਾਉ
ਤਿਸਤੇਹੋਏਲਖਦਰੀਆਉਕੁਦਰਤਿਕਵਣਕਹਾਵੀਚਾਰੁਵਾਰਿਆਨਜਾਵਾਏਕਵਾ
ਰਜੋਤੁਧੁਭਾਵੈਸਾਈਭਲੀਕਾਰਤੂਸਦਾਸਲਾਮਤਿਨਿਰੰਕਾਰ॥੧੬॥ਅਸੰਖਜਪਅ
ਸੰਖਭਾਉਅਸੰਖਪੂਜਾਅਸੰਖਤਪਤਾਉਅਸੰਖਗਰੰਥਮੁਖਿਵੇਦਪਾਠਅਸੰਖਜੋ
ਗਮਨਿਰਹਹਿਉਦਾਸਅਸੰਖਭਗਤਗੁਣਗਿਆਨਵੀਚਾਰਅਸੰਖਸਤੀਅਸੰ
ਖਦਾਤਾਰਅਸੰਖਸੂਰਮੁਹਭਖਸਾਰਅਸੰਖਮੋਨਿਲਿਵਲਾਇਤਾਰਕੁਦਰਤਿ
ਕਵਣਕਹਾਵੀਚਾਰੁਵਾਰਿਆਨਜਾਵਾਏਕਵਾਰਜੋਤੁਧੁਭਾਵੈਸਾਈਭਲੀਕਾਰ
ਤੂਸਦਾਸਲਾਮਤਿਨਿਰੰਕਾਰ॥੧੭॥ਅਸੰਖਮੂਰਖਅੰਧਘੋਰਅਸੰਖਚੋਰਹਰਾਮਖੋਰਅ
ਸੰਖਅਮਰਕਰਿਜਾਹਿਜੋਰਅਸੰਖਗਲਵਢਹਤਿਆਕਮਾਹਿਅਸੰਖਪਾਪੀਪਾ
ਪੁਕਰਿਜਾਹਿਅਸੰਖਕੂੜਿਆਰਕੂੜੇਫਿਰਾਹਿਅਸੰਖਮਲੇਛਮਲੁਭਖਿਖਾਹਿਅ

ਸੀਖਨਿੰਦਕਸਿਰਕ ਰੋ ਕਰਹਿਭਾਗਾਆ ਨੇ ਕਨੀਰਕਹੇਵੀਖਾ ਰੇ ਗਾਵਾਰਿਆਨਜਾ
ਵਾਏ ਕਵਾਗਾਜੋ ਤੁਧੁਭਾਵੇ ਸਾਈਭ ਲੀਕਾਰ ਤੂੰਸਦਾਸ ਲਾਮਤਿਨਿ ਰੰਕਾਰ ॥੧੬॥
ਅਸੰਖਜਪ ਉ ਅਸੰਖਭਾਉਅਗ ਅਭੀਮਅਸੰਖਨੇ ਇ ਅਸੰਖਕਹਹਿਸਿਰ ਭਾਰਹੋ
ਇਆਅ ਖਰੀ ਨਾਮਅਖਰੀਸਾ ਲਾਹ ਅਖਰੀਗਿਆ ਨਗੀ ਤਗੁਣਗਾਹਿ ਅਖ ਰੀਲਿ
ਖ ਣੁਬੋਲਿਣੁਬਾ ਣਿਅਖ ਰਸਿਰਸੰ ਜੋਗੁਵ ਖਾਣਿਜਿਸੁਏ ਹਲਿ ਖੇਤਿਸੁਸਿਰਲ ਹਿ
ਜਿਵਫੁਰਮਾਏਤਿਵੈ ਸੈ ਵਪਾਹਿਜੇਤਾਕੀ ਤਾ ਤੇਤਾਨਾਉਵਿਣੁਨਾ ਵੇ ਨਾਹੀਕੋਥਾਉਕੁਦਰ
ਤਿ ਕਵਣਕਹਾ ਵੀਚਾਰੁ ਵਾਰਿਆਨ ਜਾਵਾਏ ਕਵਾਗਾਜੋ ਤੁਧੁਭਾਵੈ ਸਾਈਭਲੀਕਾਰ
ਤੂੰਸਦਾ ਸ ਲਾਮਤਿਨਿਰੰਕਾਰ ॥ ਭਰੀਐਹਥੁਪੈਰਤ ਨੁ ਦੇਹਪਾਣੀਧੋਤੈ ਉ ਤਰਸੁਖੇ
ਹਿਮੂਤ ਪ ਲੀਤੀਕਪੜੁਹੋ ਇ ਦੇਸਬੁਣਲਈ ਐ ਓਹੁਧੋਇਆਭ ਰੀਐ ਮਤਿਪਾ
ਪਾਕੈ ਸੰਗਿਓਹੁ ਧੋਪੈਨਾ ਵੈ ਕਰਮੀਆ ਪੁੰਨੀਪਾ ਪੀਆਖਣਨਾ ਹੀਆਕ ਰਿਕਰਿਕਰਣਾ ਲਿ
ਖਿਲੈਜਾਹੁਆਪੇਬੀ ਜਿ ਆਪੇਖਾਹੁਨਾ ਨਕਹੁਕਮੀਆਵਹੁ ਜਾਹੁਕ ਤੀਰਥ
ਤਪੁ ਦਇਆਦ ਤੁਦਾਨਾ ਜੇਕੋਪਾਵੈਤਿ ਲਕਾਮਾ ਸੁਣਿਆ ਮੰਨਿਆ ਮਨਿਕੀਤਾ ਭਾਉ
ਅੰਤਰਿ ਗ ਤਿਤੀਰਥਿਮਲਿਨਾ ਉ ਸਭਿਗੁਣਤੇਰੇਮੈ ਨਾ ਹੀਕੋਇਵਿਣੁ ਗੁ ਣਕੀਤੇ
ਭਗਤਿ ਨ ਹੋਇਅਸੁਅਸਤ ਆ ਥਿਬਾਣੀਬਰਮਾ ਉ ਸਤਿਸੁਹਾਣ ਦਾ ਮਨਿਚਾ
ਉ ਕਵਣੁਸੁਵੇ ਲਾਵਖ ਤਕਵਣੁਵ ਵਣਥਿ ਤਿਕਵਣੁਵ ਗਾਰ ਵਣੁਸਿਤੀ ਆ



ਣੈਸੋਇ॥ਜੇਵਡੁਆਪਿਜਾਣੈਆਪਿਆਪਿ॥ਨਾਨਕਨਦਰੀਕਰਮੀਦਾਤਿ॥੨੪॥ਬਹੁਤਾ
ਕਰਮੁਲਿਖਿਆਨਾਜਾਇ॥ਵਡਾਦਾਤਾਤਿਲੁਨਤਮਾਇ॥ਕੇਤੇਮੰਗਹਿਜੋਧਅਪਾਰ॥
ਕੇਤਿਆਗਣਤਨਹੀਵੀਚਾਰੁ॥ਕੇਤੇਖਪਿਤੁਟਹਿਵੇਕਾਰ॥ਕੇਤੇਲੈਲੈਮੁਕਰੁਪਾਹਿ
॥ਕੇਤੇਮੂਰਖਖਾਹੀਖਾਹਿ॥ਕੇਤਿਆਦੂਖਭੂਖਸਦਮਾਰ॥ਏਹਿਭਿਦਾਤਿਤੇਰੀਦਾਤਾਰ॥ਬੰਦਿ
ਖਲਾਸੀਭਾਣੈਹੋਇ॥ਹੋਰੁਆਖਿਨਸਕੈਕੋਇ॥ਜੇਕੋਖਾਇਕੁਆਖਣਿਪਾਇ॥ਓਹੁਜਾ
ਣੈਜੇਤੀਆਮੁਹਿਖਾਇ॥ਆਪੇਜਾਣੈਆਪੇਦੇਇ॥ਆਖਹਿਸਿਭਿਕੇਈਕੇਇ॥ਜਿਸਨੋ
ਬਖਸੇਸਿਫਤਿਸਾਲਾਹ॥ਨਾਨਕਪਾਤਿਸਾਹੀਪਾਤਿਸਾਹੁ॥੨੫॥ਅਮੁਲਗੁਣਅਮੁਲ
ਵਾਪਾਰ॥ਅਮੁਲਵਾਪਾਰੀਏਅਮੁਲਭੰਡਾਰ॥ਅਮੁਲਆਵਹਿਅਮੁਲਲੈਜਾਹਿ॥ਅਮੁ
ਲਭਾਇਅਮੁਲਾਸਮਾਹਿ॥ਅਮੁਲੁਧਰਮੁਅਮੁਲੁਦੀਬਾਣੁ॥ਅਮੁਲੁਤੁਲੁਅਮੁਲੁ
ਪਰਵਾਣੁ॥ਅਮੁਲੁਬਖਸੀਸਅਮੁਲੁਨੀਸਾਣੁ॥ਅਮੁਲੁਕਰਮੁਅਮੁਲੁਫੁਰਮਾਣੁ॥
ਅਮੁਲੋਅਮੁਲੁਆਖਿਆਨਜਾਇ॥ਆਖਿਆਖਿਰਹੇਲਿਵਲਾਇ॥ਆਖਹਿਵੇਦਪਾ
ਠਪੁਰਾਣ॥ਆਖਹਿਪੜੇਕਰਹਿਵਖਿਆਣ॥ਆਖਹਿਬਰਮੇਆਖਹਿਇੰਦ॥ਆਖ
ਹਿਗੋਪੀਤੈਗੋਵਿੰਦ॥ਆਖਹਿਈਸਰਆਖਹਿਸਿਧ॥ਆਖਹਿਕੇਤੇਕੀਤੇਬੁਧ॥ਆ
ਖਹਿਦਾਨਵਆਖਹਿਦੇਵ॥ਆਖਹਿਸੁਰਿਨਰਮੁਨਿਜਨਸੇਵ॥ਕੇਤੇਆਖਹਿਆਖਣ
ਪਾਹਿ॥ਕੇਤੇਕਹਿਕਹਿਉਠਿਉਠਿਜਾਹਿ॥ਏਤੇਕੀਤੇਹੋਰਿਕਰੇਹਿ॥ਤਾਆਖਿਨਸਕਹਿ

ਕੇਈ ਕੇਇਆ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥ ਜੇ ਕੋ ਆਖੈ
ਬੋਲੁ ਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾ
ਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾ
ਵੈ ਰਾਜਾ ਧਰਮੁ ਦੁਆਰੇ ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ
ਵੀਚਾਰੇ ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾ
ਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ
ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ ਗਾਵਨਿ ਪੰਡਿਤ ਪੜਨਿ ਰਖੀ
ਸੁਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛੁ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾ
ਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ ਸੇਈ ਤੁਧੁਨੋ ਗਾਵਨਿ ਜੋ ਤੁਧੁ
ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿ
ਆ ਵੀਚਾਰੇ ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ
ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ
ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋ

ਈਕਰਸੀਹੁਕਮੁਨ ਕ ਰਣਾਜਾਈਜੋਪ ਤ੍ਰਿ ਸਾਹੁਸਾਹਾਪਾਤਿਸਾ ਹਿ ਬੁਨਾਨਕਰਹਣੁ

ਰਜਾ ਈ॥੨੭॥ ਮੁੰਦਾਸੰਤੋਖੁ ਸਰਮੁਪਤੁ ਝੋਲੀਧਿ ਆਨਕੀਕ ਰਹਿਬਿਭੂ ਤਿ॥ਖਿੰਥਾ ਕਾਲੁ

ਕੁਆਰੀਕ ਇਆਜੁਗਤਿਡੰਡਾਪ ਤੀਤਿਆਆਈਪੰਥੀਸ ਗਲਜਮਾਤੀਮਨ ਜੀਤੇਜਗੁ

ਜੀਤਿ॥ ਆਦੇ ਸੁਤਿਸੈਆਦੇ ਸੁ॥ਆ ਦਿਅਨੀਲੁਅ ਨਾਦਿ ਅਨਾਹਤਿਜੁਗੁ ਜੁਗੁ ਏਕੋਵੇ

ਸੁ ॥੨੮॥ਭੁਗਤਿ ਗਿਆ ਨੁਦਇਆਭੰਡਾ ਰਣਿ ਘਟਿਘਟਿਵਾ ਜਹਿ ਨਾਦਾਆਪਿਨਾ ਥ

ਨਾਥੀਸਭੁਜਾਕੀਰਿ ਧਿਸਿਧਿਅਵਰਾ ਸਾਦਾਸੰਜੋਗੁਵਿ ਜੋਗੁਦੁਇਕਾਰਣ

ਲਾਵ ਹਿਲਿਖੇ ਆਵਹਿ ਭਾਗੁ॥ਆ ਦੇਸੁਤਿਸੈ ਆਦੇਸੁ॥ ਆਦਿਅ ਨੀਲਅ ਨਾਦਿ

ਅਨਾਹਤ ਜੁਗੁਜੁਗੁਏਕੋਵੇਸੁ ॥੨੯॥ਏਕਾਮਾਈਜੁ ਗਤਿਵਿਆਈਤਿ ਨਚੇਲੇਪ

ਰਵਾਣੁ ॥ਇ ਕਸੰਸਾਰੀਇਕ ਭੰਡਾ ਰੀਇਕਲਾਏਦੀ ਬਾ ਣੁ॥ਜਿਵਤਿਸੁ ਭਾਵੈ ਤਿਵੈਚ

ਲਾ ਵੈਜਿਵਹੋਵੈ ਫੁਰਮਾ ਣੁ॥ਓਹੁਵੇਖੈ ਓਨਾਨ ਦਰਿਨਆਵੈ ਬਹੁਤਾ ਏਹੁਵਿਡਾਣੁ ॥

ਆਦੇਸੁਤਿਸੈਆਦੇ ਸੁ॥ਆਦਿਅਨੀਲੁ ਅਨਾਦਿਅਨਾਹਤਿਜੁ ਗੁਜੁਗੁਏਕੋਵੇਸੁ॥

ਰਾ॥ ਆਸਣੁਲੋ ਇਲੋਇ ਭੰਡਾਰਾਜੋ ਕਛੁਪਾ ਇਆਸੁਏਕਾ ਵਾਰ॥ ਕਰਿਕਰਿ ਵੇਖੈ

ਸਿਰਜ ਣਹਾਰੁ॥ਨਾਨਕਸ ਚੇ ਕੀਸਾਚੀਕਾਰ॥ ਆ ਦੇਸੁਤਿਸੈਆਦੇ ਸੁ ॥ਆਦਿ

ਅਨੀਲ ਅ ਨਾਦਿਅਨਾਹਤਿਜ ਗੁ ਜੁਗੁਜੁਗੁਏਕੋਵੇ ਸੁ ॥੩੧॥ਇਕਦੂਜੀਭੋ ਲ ਖਹੋਹਿ

ਲਿ ਖਹੋਹਿਲਖ ਵੀਸ॥ਲ ਖੁਲਖਗੇੜ ਆਖੀਅ ਹਿਏਕੁਨਾ ਮੁਜਗ ਦੀਸਾਏਤੁ ਰਾਹ



ਖੰਡਕੀਬਾਣੀਰੂਪੁ।ਤਿਥੈਘਾੜਤਿਘੜੀਐਬਹੁਤੁਅਨੂਪੁ।ਤਾਕੀਆਗਲਾਕਥੀਆਨਜਾ
ਨਜਾਇ।ਜੇਕੋਕਹੈਪਿਛੈਪਛੁਤਾਇ।ਤਿਥੈਘੜੀਐਸੁਰਤਿਮਤਿਮਨਿਬੁਧਿ।ਤਿਥੈਘੜੀ
ਐਸੁਰਾਸਿਧਾਕੀਸੁਧਿ॥੩੬॥ਕਰਮਖੰਡਕੀਬਾਣੀਜੋਰੁ।ਤਿਥੈਹੋਰੁਨਕੋਈਹੋਰੁ।ਤਿਥੈਜੋਧਮ
ਹਾਬਲਸੂਰੁ।ਤਿਨਮਹਿਰਾਮੁਰਹਿਆਭਰਪੂਰੁ।ਤਿਥੈਸੀਤੋਸੀਤਾਮਹਿਮਾਮਾਹਿ।ਤਾਕੇਰੂਪਨ
ਕਥਨੇਜਾਹਿ।ਨਾਓਹਿਮਰਹਿਨਠਾਗੇਜਾਹਿ।ਜਿਨਕੈਰਾਮੁਵਸੈਮਨਮਾਹਿ।ਤਿਥੈਭਗਤਵ
ਸਹਿਕੇਲੋਅ।ਕਰਹਿਅਨੰਦੁਸਚਾਮਨਿਸੋਇ।ਸਚਿਖੰਡਿਵਸੈਨਿਰੰਕਾਰੁ।ਕਰਿਕਰਿਵੇ
ਖੈਨਦਰਿਨਿਹਾਲ।ਤਿਥੈਖੰਡਮੰਡਲਵਰਭੰਡ।ਜੇਕੋਕਥੈਤਅੰਤਨਅੰਤ।ਤਿਥੈਲੋਅਲੋਅਆ
ਕਾਰ।ਜਿਵਜਿਵਹੁਕਮੁਤਿਵੈਤਿਵਕਾਰ।ਵੇਖੈਵਿਗਸੈਕਰਿਵੀਚਾਰੁ।ਨਾਨਕਕਥਨਾਕ
ਰੜਾਸਾਰੁ॥੩੭॥ਜਤੁਪਾਹਾਰਾਧੀਰਜੁਸੁਨਿਆਰੁ।ਅਹਰਣਿਮਤਿਵੇਦੁਹਥੀਆਰੁ।
ਭਉਖਲਾਅਗਨਿਤਪਤਾਉ।ਭਾਂਡਾਭਾਉਅੰਮ੍ਰਿਤੁਤਿਤੁਢਾਲਿ।ਘੜੀਐਸਬਦੁਸਚੀਟ
ਕਸਾਲ।ਜਿਨਕਉਨਦਰਿਕਰਮੁਤਿਨਕਾਰ।ਨਾਨਕਨਦਰੀਨਦਰਿਨਿਹਾਲ॥੩੮॥ਸਲੋ
ਕੁ॥ਪਵਣੁਗੁਰੂਪਾਣੀਪਿਤਾਮਾਤਾਧਰਤਿਮਹਤੁ।ਦਿਵਸੁਰਾਤਿਦੁਇਦਾਈਦਾਇਆਖੇ
ਲੈਸਗਲਜਗਤੁ।ਚੰਗਿਆਈਆਬੁਰਿਆਈਆਵਾਚੈਧਰਮੁਹਦੂਰਿ।ਕਰਮੀਆਪੋ
ਆਪਣੀਕੇਨੇੜੈਕੇਦੂਰਿ।ਜਿਨੀਨਾਮੁਧਿਆਇਆਗਏਮਸਕਤਿਘਾਲਿ।ਨਾਨਕਤੇਮੁਖ
ਉਜਲੇਕੇਤੀਛੁਟੀਨਾਲਿ॥੧॥

"ਮੈਂ ਤਾਂ ਜਪੁ-ਕਰਤਾ ਦੇ ਪਿਆਰ ਰਾਹੀਂ ਹੀ ਮੌਤ ਤੋਂ ਬਚਦਾ ਰਿਹਾ ਹਾਂ। ਮੈਂ ਹੋਰਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ, ਗੁਰਬਾਣੀ ਪਾਠ ਕਰਨ ਦੇ ਲਾਭ ਬਾਰੇ ਅਕਸਰ ਸ਼ਕ-ਸ਼ੁਭਾ ਕਰਦਾ ਰਿਹਾ ਹਾਂ; ਪਰ ਆਪਣੇ-ਆਪ ਉਤੇ ਵਾਸਤਵਿਕ ਤਜ਼ਰਬੇ ਕਰਕੇ ਮੈਂ ਇਸ ਨਤੀਜੇ 'ਤੇ ਪਹੁਚਿਆ ਹਾਂ ਕਿ ਵਿਅਕਤੀ 'ਜਪੁ ਜੀ' ਬਿਨਾਂ ਮਰ ਜਾਂਦਾ ਹੈ।"

-ਪ੍ਰੋ: ਪੂਰਨ ਸਿੰਘ

